# Visit of TheRt Hon Dominic Raab MP, Secretary of State for Foreign, Commonwealth and Development Affairs, United Kingdom to India (December 14-17, 2020)

December 15, 2020

---

## ਇੰਗਲੈਂਡ ਦੇ ਮੈਂਬਰ ਆਫ ਪਾਰਲੀਮੈਂਟ ਅਤੇ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਮਾਮਲਿਆਂ ਦੇ ਸੈਕ੍ਰੇਟਰੀ ਆਫ ਸਟੇਟ ਰਾਈਟ ਆਨਰੇਬਲ ਡੋਮਿਨਿਕ ਰਾਅਬ ਦੀ ਭਾਰਤ ਦੀ ਅਧਿਕਾਰਤ ਫੇਰੀ (14-17 ਦਸੰਬਰ, 2020)

15 ਦਸੰਬਰ, 2020

1. ਇੰਗਲੈਂਡ ਦੇ ਮੈਂਬਰ ਆਫ ਪਾਰਲੀਮੈਂਟ ਅਤੇ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਮਾਮਲਿਆਂ ਦੇ ਸੈਕ੍ਰੇਟਰੀ ਆਫ ਸਟੇਟ ਰਾਈਟ ਆਨਰੇਬਲ ਡੋਮਿਨਿਕ ਰਾਅਬ 14-17 ਦਸੰਬਰ 2020 ਤੱਕ ਭਾਰਤ ਦੇ ਸਰਕਾਰੀ ਦੌਰੇ 'ਤੇ ਹਨ। ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਬਾਅਦ ਦੁਵੱਲੀ ਮੁਲਾਕਾਤ ਲਈ ਭਾਰਤ ਆਉਣ ਵਾਲੇ ਪਹਿਲੇ ਵਿਦੇਸ਼ ਮੰਤਰੀ ਹਨ।

2. ਵਿਦੇਸ਼ ਮੰਤਰੀ ਡਾ. ਸੁਬ੍ਰਾਮਣਯਮ ਜੈਸ਼ੰਕਰ ਨੇ 15 ਦਸੰਬਰ, 2020 ਨੂੰ ਹੈਦਰਾਬਾਦ ਹਾਊਸ ਵਿਖੇ ਦੁਵੱਲੀ ਗੱਲਬਾਤ ਲਈ ਵਿਦੇਸ਼ੀ ਮੰਤਰੀ ਦੀ ਮੇਜ਼ਬਾਨੀ ਕੀਤੀ। ਇੰਗਲੈਂਡ ਵੱਲੋਂ ਯੂਰਪੀ ਸੰਘ ਛੱਡਣ ਦੇ ਸੰਦਰਭ ਵਿੱਚ ਅਤੇ COVID-ਪ੍ਰਭਾਵਿਤ ਸੰਸਾਰ ਵਿੱਚ ਹੋ ਰਹੀਆਂ ਭੂ-ਰਾਜਨੀਤਿਕ ਤਬਦੀਲੀਆਂ ਦੇ ਮੱਦੇਨਜ਼ਰ ਦੋਵਾਂ ਮੰਤਰੀਆਂ ਨੇ ਵੰਨ ਸੁਵੰਨੇ ਖੇਤਰਾਂ ਜਿਵੇਂ ਵਪਾਰ ਅਤੇ ਨਿਵੇਸ਼, ਰੱਖਿਆ ਅਤੇ ਸੁਰੱਖਿਆ, ਸਿਹਤ, ਸਿੱਖਿਆ, ਖੋਜ ਅਤੇ ਨਵੀਨਤਾ, ਊਰਜਾ ਅਤੇ ਮੌਸਮੀ ਤਬਦੀਲੀ ਵਿੱਚ ਸਹਿਯੋਗ ਦੇ ਅਥਾਹ ਮੌਕਿਆਂ ਦੀ ਗੱਲ ਪਰਵਾਨ ਕੀਤੀ। ਉਨ੍ਹਾਂ ਨੇ ਭਾਰਤ-ਬ੍ਰਿਟੇਨ ਭਾਈਵਾਲੀ ਨੂੰ ਅਗਲੇ ਪੱਧਰ 'ਤੇ ਲੈਕੇ ਜਾਣ ਲਈ ਉਤਸ਼ਾਹੀ, 360 ਡਿਗਰੀ ਰੋਡ-ਮੈਪ ਨੂੰ ਅੰਤਮ ਰੂਪ ਦੇਣ ਨੂੰ ਤਰਜੀਹ ਦੇਣ 'ਤੇ ਸਹਿਮਤੀ ਪ੍ਰਗਟ ਕੀਤੀ। ਇਹ ਰੋਡਮੈਪ ਜਨਵਰੀ, 2021 ਵਿਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਦੀ ਭਾਰਤ ਫੇਰੀ ਦੇ ਮੌਕੇ ਅਪਣਾਇਆ ਜਾਵੇਗਾ।

3. ਇੰਗਲੈਂਡ ਨਾਲ ਦੁਵੱਲਾ ਵਪਾਰ ਪਿਛਲੇ ਦਹਾਕੇ ਵਿਚ ਲਗਾਤਾਰ ਵਧਿਆ ਹੈ, ਜੋ 2019-20 ਵਿਚ 15.48 ਅਰਬ ਡਾਲਰ ਤੱਕ ਪਹੁੰਚ ਗਿਆ। ਦੁਵੱਲੇ ਵਪਾਰ ਅਤੇ ਆਰਥਿਕ ਸਬੰਧਾਂ ਦੀ ਪੂਰੀ ਸੰਭਾਵਨਾਵਾਂ ਨੂੰ ਸਾਕਾਰ ਕਰਨ ਲਈ ਦੋਵਾਂ ਧਿਰਾਂ ਨੇ ਵਪਾਰਕ ਸੌਦੇ ਬਾਰੇ ਵਿਚਾਰ ਵਟਾਂਦਰੇ ਨੂੰ ਤੇਜ਼ ਕਰਨ ਅਤੇ ਵਿਆਪਕ ਪ੍ਰਵਾਸ ਅਤੇ ਗਤੀਸ਼ੀਲਤਾ ਸਮਝੌਤਾ ਕਰਨ ਦੀ ਮਹੱਤਤਾ ਨੂੰ ਪਰਵਾਨ ਕੀਤਾ, ਜਿਸ ਨਾਲ ਦੋਨਾਂ ਦਿਸ਼ਾਵਾਂ ਵਿੱਚ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਦੀ ਆਵਾਜਾਈ ਸੁਖਾਲੀ ਹੋ ਸਕਦੀ ਹੈ।

ਡਾ. ਐਸ. ਜੈਸ਼ੰਕਰ ਅਤੇ ਸ਼੍ਰੀ ਰਾਅਬ ਨੇ ਬਹੁ-ਧਰੁਵੀ ਦੁਨੀਆ ਪ੍ਰਤੀ ਆਪਣੀ ਸਾਂਝੀ ਵਚਨਬੱਧਤਾ ਅਤੇ ਬਹੁਪੱਖਵਾਦ ਵਿੱਚ ਆਪਣਾ ਯਕੀਨ ਦੁਹਰਾਉਂਦੇ ਹੋਏ ਆਪਸੀ ਹਿਤ ਦੇ ਕਈ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਵੀ ਕੀਤੇ। ਉਨ੍ਹਾਂ ਨੇ ਭਾਰਤ - ਪ੍ਰਸ਼ਾਂਤ ਖੇਤਰ ਅੰਦਰ ਸਹਿਯੋਗ ਨੂੰ ਮਜ਼ਬੂਤ ਕਰਨ, ਅੱਤਵਾਦ ਅਤੇ ਕੱਟੜਪੰਥੀ ਅੱਤਵਾਦ ਦਾ ਮੁਕਾਬਲਾ ਕਰਨ ਅਤੇ ਸਾਈਬਰ, ਸਮੁੰਦਰੀ ਅਤੇ ਪੁਲਾੜੀ ਖੇਤਰਾਂ ਵਿਚ ਉੱਭਰ ਰਹੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਤਰੀਕਿਆਂ ਬਾਰੇ ਘੋਖ ਕੀਤੀ।

5. ਸ਼੍ਰੀ ਰਾਅਬ ਦਿੱਲੀ ਵਿੱਚ ਵਾਤਾਵਰਣ, ਜੰਗਲਾਤ ਅਤੇ ਮੌਸਮੀ ਤਬਦੀਲੀ ਮੰਤਰੀ ਸ਼੍ਰੀ ਪ੍ਰਕਾਸ਼ ਜਾਵਡੇਕਰ ਅਤੇ ਸਿੱਖਿਆ ਮੰਤਰੀ ਸ਼੍ਰੀ ਰਮੇਸ਼ ਪੋਖਰੀਆਲ ਨਾਲ ਮੁਲਾਕਾਤ ਕਰਨਗੇ। ਆਪਣੇ ਦੌਰੇ ਦੇ ਦੂਜੇ ਪੜਾਅ ਦੌਰਾਨ ਉਹ ਬੰਗਲੁਰੂ ਜਾਣਗੇ, ਜਿੱਥੇ ਉਹ 17 ਦਸੰਬਰ, 2020 ਨੂੰ ਕਰਨਾਟਕ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਨਗੇ।

ਨਵੀਂ ਦਿੱਲੀ
15 ਦਿਸੰਬਰ, 2020

DISCLAIMER: This is an approximate translation. The original is available in English on MEA's website and may be referred to as the official press release.